ਸਫ਼ਾ ਤਿੰਨ ਦੀਆਂ ਬਾਕੀਆਂ...

ਪੰਜਾਬ ਦੀ 'ਆਪ' ਸਰਕਾਰ ਨੇ ਸੂਬੇ ਦੇ ਉਦਯੋਗ ਅਤੇ ਖੇਤੀ ਨੂੰ ਤਬਾਹ ਕੀਤਾ : ਨਰਿੰਦਰ ਮੋਦੀ

ਵਿਰੋਧ ਕਰਦੇ ਰਹੇ ਹਨ। ਇਨ੍ਹਾਂ ਨੇ ਐਮਰਜੈਂਸੀ ਵਿਚ ਸੰਵਿਧਾਨ ਦਾ ਗਲਾ ਘੁਟਿਆ ਸੀ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਦੋ ਹਿੱਸਿਆਂ 'ਚ ਵੰਡਣ ਵਿਚ ਕੋਈ ਕਸਰ ਨਹੀਂ ਛਡਦੇ ਪ੍ਰੰਤੂ ਇਨ੍ਹਾਂ ਦੀਆਂ ਕੋਝੀਆਂ ਯੋਜਨਾਵਾਂ ਦਾ ਮੋਦੀ ਸਰਕਾਰ ਨੇ ਪਰਦਾਫ਼ਾਸ਼ ਕਰ ਦਿਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਭ੍ਰਿਸ਼ਟਾਚਾਰ ਨੂੰ ਜਨਮ ਦਿਤਾ ਹੈ । ਸ਼ਰਾਬ ਘੁਟਾਲੇ ਨੂੰ ਲੈ ਕੇ 'ਆਪ' ਸਰਕਾਰ 'ਤੇ ਹਮਲਾ ਬੋਲਦਿਆਂ ਉਨ੍ਹਾਂ ਨੇ ਕੇਜਰੀਵਾਲ ਤੇ ਉਨ੍ਹਾਂ ਦੀ ਪਾਰਟੀ ਦੇ ਲੀਡਰਾਂ 'ਤੇ ਭ੍ਰਿਸ਼ਟਾਚਾਰ 'ਚ ਡੂਬੇ ਹੋਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਦੇਸ਼ ਦੀ ਫ਼ੌਜ ਦਾ ਅਪਮਾਨ ਮੋਦੀ ਸਰਕਾਰ ਕਦੇ ਸਹਿਣ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਪੰਜ ਸਾਲਾਂ ਵਿਚ ਕਿਸਾਨ ਤੇ ਗ਼ਰੀਬ ਲੋਕਾਂ ਵਾਸਤੇ ਅਜਿਹਾ ਸਮਾਂ ਆਉਣ ਵਾਲਾ ਹੈ, ਜਿਹੜਾ ਪਿਛਲੇ 75 ਸਾਲਾਂ ਤੋਂ ਨਹੀਂ ਆਇਆ।

ਲੋਕ ਸਭਾ ਹਲਕਾ ਜਲੰਧਰ ਤੋਂ ਲੋਕ ਸਭਾ ਚੋਣ ਲੜਨ ਵਾਲੇ ਉਮੀਦਵਾਰ ਸੁਸ਼ੀਲ ਰਿੰਕੂ ਦੀ ਮਿਹਨਤ ਰੰਗ ਲਿਆਈ ਹੈ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਹੁਸ਼ਿਆਰਪੁਰ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੀਜੀ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਆਦਮਪੁਰ ਹਵਾਈ ਅੱਡੇ ਦਾ ਨਾਂ ਬਦਲ ਕੇ ਸ੍ਰੀ ਗੁਰੂ ਰਵੀਦਾਸ ਜੀ ਦੇ ਨਾਂ 'ਤੇ ਰੱਖਿਆ ਜਾਵੇਗਾ ਅਤੇ ਦਿੱਲੀ ਦੇ ਤੁਗਲਕਾਬਾਦ ਵਿਚ ਸ੍ਰੀ ਰਵੀਦਾਸ ਮੰਦਰ ਦਾ ਸ਼ਾਨਦਾਰ ਨਿਰਮਾਣ ਕੀਤਾ ਜਾਵੇਗਾ। ਸੁਸ਼ੀਲ ਰਿੰਕੂ ਨੇ ਕਿਹਾ ਕਿ ਇਸ ਲਈ ਉਨ੍ਹਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਾਹਮਣੇ ਇਹ ਦੋਵੇਂ ਮੰਗਾਂ ਪੂਰੀਆਂ ਕਰਨ ਦੀ ਮੰਗ ਰੱਖੀ ਸੀ ਅਤੇ ਅੱਜ ਦੇ ਐਲਾਨ ਨਾਲ ਹੁਣ ਇਹ ਪੂਰੀ ਤਰ੍ਹਾਂ ਨਾਲ ਯਕੀਨ ਹੋ ਗਿਆ ਹੈ ਕਿ ਤੀਜੀ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਮੋਦੀ ਜੀ ਇਨ੍ਹਾਂ ਦੋਹਾਂ ਮੰਗਾਂ ਨੂੰ ਪਹਿਲ ਦੇਣਗੇ। ਇਸ ਆਧਾਰ 'ਤੇ ਪੂਰਾ ਕੀਤਾ ਜਾਵੇਗਾ। ਇਸ ਮੌਕੇ ਪੰਜਾਬ ਪ੍ਰਧਾਨ ਸੁਨੀਲ ਜਾਖੜ, ਜੰਗੀ ਲਾਲ ਮਹਾਜਨ, ਸੋਮ ਪ੍ਰਕਾਸ਼, ਅਵਿਨਾਸ਼ ਰਾਏ ਖੰਨਾ, ਗਜਿੰਦਰ ਸੇਖਾਵਤ ਇੰਚਾਰਜ ਪੰਜਾਬ ਮਾਮਲੇ, ਸੁਭਾਸ਼ ਸਰਮਾ ਉਮੀਦਵਾਰ ਹਲਕਾ ਅਨੰਦਪੁਰ, ਸ਼ਾਮ ਸੁੰਦਰ ਅਰੋੜਾ, ਤੀਕਸ਼ਣ ਸੂਦ, ਨਿਮਿਸ਼ਾ ਮਹਿਤਾ, ਮਹਿੰਦਰ ਕੌਰ ਜੋਸ਼, ਅਜੇ ਕੌਸ਼ਲ ਸੇਠੂ, ਸੁਸ਼ੀਲ ਪਿੰਕੀ ਸਮੇਤ ਸਮੂਹ ਲੀਡਰਸ਼ਿਪ ਹਾਜ਼ਰ ਸੀ।

ਭਗਵੰਤ ਸਿੰਘ ਮਾਨ, ਕੈਪਟਨ, ਬਾਦਲ, ਚੰਨੀ ਅਤੇ ਅਰੂਸਾ ਦੀ ਕਿਉਂ ਛਿੜੀ ਚਰਚਾ ?

ਪਾਕਿਸਤਾਨ ਨਾਲ ਵਪਾਰ ਸ਼ੁਰੂ ਕਰਾਉਣ, ਧਰਤੀ ਹੇਠਾਂ ਡੂੰਘੇ ਹੁੰਦੇ ਜਾ ਰਹੇ ਪਾਣੀ ਕਾਰਨ ਪੰਜਾਬ ਦਾ 80 ਫ਼ੀ ਸਦੀ ਇਲਾਕਾ ਰੈਡ ਜ਼ੋਨ ਵਿਚ ਚਲੇ ਜਾਣ, 2039 ਤਕ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਖ਼ਤਮ ਹੋਣ ਦੀ ਚਿਤਾਵਨੀ, ਚੰਡੀਗੜ੍ਹ 'ਤੇ ਪੰਜਾਬ ਦੀ ਦਾਅਵੇਦਾਰੀ, ਐਸਵਾਈਐਲ ਨਹਿਰ, ਨਸ਼ੇ ਅਤੇ ਗੈਂਗਵਾਰ, ਮਿਲਾਵਟੀ ਖਾਦ ਪਦਾਰਥਾਂ ਦੀ ਬਹੁਤਾਤ, ਭ੍ਰਿਸ਼ਟਾਚਾਰ, ਪ੍ਰਦੂਸ਼ਿਤ ਵਾਤਾਵਰਣ ਵਰਗੇ ਮੁੱਦਿਆਂ ਨੂੰ ਉਠਾਉਣ ਦੀ ਬਜਾਇ ਹਰ ਇਕ ਪਾਰਟੀ ਅਪਣੇ ਵਿਰੋਧੀ ਨੂੰ ਨਿਸ਼ਾਨੇ 'ਤੇ ਰੱਖ ਕੇ ਵੋਟ ਮੰਗ ਰਹੀ ਹੈ।

ਜ਼ਿਆਦਾਤਰ ਸਿਆਸੀ ਪਾਰਟੀਆਂ ਦੇ ਆਗੂ ਇਸ ਵਾਰ ਵੱਡੀਆਂ ਚੋਣ ਰੈਲੀਆਂ ਕਰਨ ਦੀ ਬਜਾਇ ਰੋਡ ਸ਼ੋਅ ਨੂੰ ਵਧੇਰੇ ਤਰਜੀਹ ਦੇ ਰਹੇ ਹਨ। ਇਨ੍ਹਾਂ ਚੋਣਾਂ ਵਿਚ ਹੁਣ ਤਕ ਸਿਆਸੀ ਆਗੂ ਕੌਮੀ ਪੱਧਰ ਦੇ ਮੁੱਦੇ ਉਭਾਰਨ ਦੀ ਬਜਾਇ ਸੂਬੇ ਦੀ ਰਾਜਨੀਤੀ ਅਤੇ ਅਤੀਤ ਵਿਚ ਕੀਤੇ ਕਾਰਜਾਂ ਨੂੰ ਗਿਣਾਉਣ ਲੱਗੇ ਹੋਏ ਹਨ। ਸਿਆਸੀ ਨੇਤਾਵਾਂ ਦੀਆਂ ਚੋਣ ਰੈਲੀਆਂ ਵਿਚਲੇ ਭਾਸ਼ਣਾਂ ਵਿਚ ਸਿਆਸੀ ਦੂਸ਼ਣਬਾਜ਼ੀ ਤੇ ਮਿਹਣੋਂ ਮਿਹਣੀ ਹੋਣ ਵਾਲੀਆਂ ਖ਼ਬਰਾਂ ਵੋਟਰ ਦਾ ਮਨਪ੍ਰਚਾਵਾ ਕਰ ਰਹੀਆਂ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੋਣ ਪ੍ਰਕਿਰਿਆ ਦੀ ਸ਼ੁਰੂਆਤ ਤੋਂ ਪਹਿਲਾਂ ਹੀ "ਪੰਜਾਬ ਬਚਾਉ ਯਾਤਰਾ" ਸ਼ੁਰੂ ਕਰ ਕੇ ਵੋਟਰਾਂ ਨੂੰ ਖੇਤਰੀ, ਪੰਥਕ ਪਾਰਟੀ ਦਾ ਵਾਸਤਾ ਪਾਉਂਦਿਆਂ ਅਤੀਤ ਵਿਚ ਕੀਤੇ ਕੰਮਾਂ ਦੇ ਆਧਾਰ 'ਤੇ ਵੋਟ ਮੰਗੀ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਇਸ ਵਾਰ ਸਿਰਫ਼ ਰੋਡ ਸ਼ੋਅ ਰਾਹੀਂ ਵੋਟਰਾਂ ਦੇ ਸਨਮੁੱਖ ਹੋ ਕੇ ਮੁਫ਼ਤ ਬਿਜਲੀ, ਭ੍ਰਿਸ਼ਟਾਚਾਰ ਰਹਿਤ ਸ਼ਾਸ਼ਨ, ਪਹਿਲੇ ਦੋ ਸਾਲ ਵਿਚ ਹੀ ਮੈਰਿਟ ਦੇ ਆਧਾਰ 'ਤੇ 43 ਹਜ਼ਾਰ ਸਰਕਾਰੀ ਨੌਕਰੀਆਂ ਦੇਣ, ਨਹਿਰੀ ਪਾਣੀ ਟੇਲਾਂ ਤਕ ਪਹੁੰਚਾਉਣ, ਨਿਰੰਤਰ ਬਿਜਲੀ ਸਪਲਾਈ, ਪੰਜਾਬ ਵਾਸੀਆਂ ਨੂੰ ਘਰ ਬੈਠਿਆਂ ਨੂੰ ਸਰਕਾਰੀ ਸਹੂਲਤਾਂ ਮੁਹਈਆ ਕਰਵਾਉਣ ਵਰਗੀਆਂ ਅਨੇਕਾਂ ਉਦਾਹਰਣਾਂ ਦੇ ਕੇ ਵੋਟ ਦਾ ਹੱਕ 'ਆਪ' ਉਮੀਦਵਾਰਾਂ ਲਈ ਦਰਸਾ ਰਹੇ ਹਨ ਅਤੇ ਵਿਰੋਧੀਆਂ ਉਪਰ ਪ੍ਰਵਾਰਵਾਦ ਅਤੇ ਨਿਜੀ ਵਪਾਰ ਨੂੰ ਬੜਾਵਾ ਦੇਣ ਦੀਆਂ ਗੱਲਾਂ ਵੋਟਰਾਂ ਨੂੰ ਯਾਦ ਕਰਵਾ ਰਹੇ ਹਨ।

ਮੋਦੀ ਪਹਿਲੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੇ ਨਫ਼ਰਤੀ ਭਾਸ਼ਣਾਂ ਨਾਲ ਅਹੁਦੇ ਦਾ ਮਾਣ ਘਟਾਇਆ : ਡਾ. ਮਨਮੋਹਨ ਸਿੰਘ

ਜਿਸ ਕਾਰਨ 750 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ, ਜਿਨ੍ਹਾਂ 'ਚੋਂ 500 ਦੇ ਕਰੀਬ ਪੰਜਾਬ ਦੇ ਸਨ। ਉਨ੍ਹਾਂ ਇਸ ਨੂੰ ਪੰਜਾਬੀ, ਪੰਜਾਬੀਅਤ ਅਤੇ ਪੰਜਾਬ ਦੇ ਲੋਕਾਂ ਦਾ ਅਪਮਾਨ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਹਾਲਾਤਾਂ ਦੇ ਮੱਦੇਨਜ਼ਰ ਭਾਜਪਾ ਨੂੰ ਸੱਤਾ ਵਿਚ ਨਹੀਂ ਆਉਣਾ ਚਾਹੀਦਾ। ਭਾਜਪਾ ਸਰਕਾਰ ਨੂੰ ਤਾਨਾਸ਼ਾਹ ਦੱਸਦਿਆਂ, ਉਨ੍ਹਾਂ ਕਿਹਾ, "ਸਾਡੇ ਲੋਕਤੰਤਰ ਅਤੇ ਸੰਵਿਧਾਨ ਨੂੰ ਤਾਨਾਸ਼ਾਹੀ ਸ਼ਾਸਨ ਦੁਆਰਾ ਵਾਰ-ਵਾਰ ਹਮਲਿਆਂ ਤੋਂ ਬਚਾਉਣਾ ਮਹੱਤਵਪੂਰਨ ਹੈ। ਪੰਜਾਬ ਦੇ ਵੋਟਰਾਂ ਨੂੰ ਲਿਖੇ ਪੱਤਰ ਵਿਚ, ਸੀਨੀਅਰ ਕਾਂਗਰਸੀ ਆਗੂ ਨੇ ਹਥਿਆਰਬੰਦ ਬਲਾਂ 'ਤੇ ਅਗਨੀਵੀਰ ਯੋਜਨਾ ਨੂੰ ਥੋਪੇ ਜਾਣ ਦਾ ਦੋਸ਼ ਵੀ ਲਗਾਇਆ ਅਤੇ ਕਿਹਾ, "ਭਾਜਪਾ ਸੋਚਦੀ ਹੈ ਕਿ ਦੇਸ਼ ਭਗਤੀ, ਬਹਾਦਰੀ ਅਤੇ ਸੇਵਾ ਦਾ ਮੁੱਲ ਸਿਰਫ਼ ਚਾਰ ਸਾਲ ਹੈ। ਇਹ ਉਨ੍ਹਾਂ ਦੇ ਫਰਜ਼ੀ ਰਾਸ਼ਟਰਵਾਦ ਨੂੰ ਦਰਸਾਉਂਦਾ ਹੈ। (ਏਜੰਸੀ)

ਪੰਜਾਬ ਵਿਚ ਵੋਟਾਂ ਲਈ ਪ੍ਰਬੰਧ ਮੁਕੰਮਲ, 24,451 ਪੋਲਿੰਗ ਬੂਥਾਂ 'ਤੇ 2 ਲੱਖ ਦੇ ਕਰੀਬ ਸਿਵਲ ਸਟਾਫ਼ ਲਗਾਇਆ

ਕਿਸੇ ਅਣਸੁਖਾਵੀਂ ਘਟਨਾ ਨੂੰ ਕੰਟਰੋਲ ਕਰਨ ਵਾਸਤੇ 300 ਤੋਂ ਵੱਧ ਫ਼ਲਾਇੰਗ ਟੀਮਾਂ ਦਾ ਪ੍ਰਬੰਧ ਵੀ ਕੀਤਾ ਹੈ। ਸਿਬਨ ਸੀ. ਨੇ ਦਸਿਆ ਕਿ ਕਰੜੀ ਸੁਰੱਖਿਆ ਵਾਸਤੇ ਪੰਜਾਬ ਪੁਲਿਸ, ਪੀ.ਏ.ਪੀ. ਦੇ ਜਵਾਨਾਂ ਦੇ ਨਾਲ-ਨਾਲ 564 ਕੇਂਦਰੀ ਬਲਾਂ ਦੇ ਜਵਾਨ ਤੇ ਹਥਿਆਰ ਬੰਦ ਅਮਲਾ ਵੀ ਤੈਨਾਤ ਕੀਤਾ ਗਿਆ ਹੈ।

ਸਿਬਨ ਸੀ. ਨੇ ਕਿਹਾ ਕਿ ਚੋਣ ਕਮਿਸ਼ਨ ਦਾ ਟੀਚਾ ਐਤਕੀਂ 70 ਤੋਂ ਪਾਰ ਅਤੇ ਹਿੰਸ ਮੁਕਤ ਚੋਣਾਂ ਦਾ ਇੰਤਜ਼ਾਮ ਕਰਨਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ 2019 ਲੋਕ ਸਭਾ ਚੋਣਾਂ ਵਿਚ ਰਾਸ਼ਟਰੀ ਪੱਧਰ 'ਤੇ ਵੋਟ ਪ੍ਰਤੀਸ਼ਤ 66 ਸੀ ਅਤ ਪੰਜਾਬ ਵਿਚ 65 ਫ਼ੀ ਸਦੀ ਸੀ ਜਿਸ ਨੂੰ ਵਧਾ ਕੇ ਐਤਕੀਂ 70 ਪਾਰ ਕਰਨ ਦੀ ਮਨਸ਼ਾ ਹੈ। ਬੀਜੇਪੀ ਪ੍ਰਧਾਨ ਜਾਖੜ ਵਲੋਂ ਕੇਂਦਰੀ ਚੋਣ ਕਮਿਸ਼ਨ ਨੂੰ ਲਿਖੀ ਚਿੱਠੀ ਰਾਹੀਂ ਕੀਤੀ ਮੰਗ ਕਿ ਗਰਮੀ ਜ਼ਿਆਦਾ ਹੋਣ ਕਾਰਨ ਸਵੇਰੇ ਸ਼ਾਮ ਦੇ ਸਮੇਂ ਇਕ ਇਕ ਘੰਟਾ ਵਧਾਇਆ ਜਾਵੇ, ਬਾਰੇ ਪੁਛੇ ਸਵਾਲ 'ਤੇ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ 6 ਗੇੜਾਂ ਦੀਆਂ ਵੋਟਾਂ ਪੈ ਚੁੱਕੀਆਂ। ਆਖ਼ਰੀ ਗੇੜ 1 ਜੂਨ ਨੂੰ ਪੈਣ ਵਾਲੀਆਂ ਵੋਟਾਂ ਦੇ ਸਮੇਂ ਵਿਚ ਵਾਧਾ ਹੋਣਾ ਸੰਭਵ ਨਹੀਂ। ਉਨ੍ਹਾਂ ਸਪੱਸ਼ਟ ਕਿਹਾਕਿ ਵੋਟਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤਕ ਹੀ ਪੈਣਗੀਆਂ। ਵੋਟਾਂ ਪੈਣ ਮਗਰੋਂ ਰਾਤ ਨੂੰ ਸੀਲਬੰਦ ਈ.ਵੀ.ਐਮ. ਮਸ਼ੀਨਾਂ ਉਸੇ ਵੇਲੇ ਪੰਜਾਬ ਦੇ 23 ਜ਼ਿਲ੍ਹਿਆਂ ਵਿਚ ਬਣਾਏ ਗਏ 48 ਸਟਰੌਂਗ ਰੂਮ ਯਾਨੀ ਕਰੜੀ ਸੁਰੱਖਿਆ ਬਿਲਡਿੰਗਾਂ ਵਿਚ 2 ਦਿਨ ਰੱਖ ਕੇ 4 ਜੂਨ ਨੂੰ ਗਿਣਤੀ ਕਰਵਾਈ ਜਾਵੇਗੀ। ਉਨ੍ਹਾਂ ਦਸਿਆ ਕਿ ਗਿਣਤੀ ਵੇਲੇ ਮੌਜੂਦਾ ਜ਼ਿਲ੍ਹਾ ਮੁਕਾਮਾਂ 'ਤੇ ਤੈਨਾਤ 35 ਜਨਰਲ ਅਬਜ਼ਰਵਰਾਂ ਤੋਂ ਇਲਾਵਾ 63 ਹੋਰ ਗਿਣਤੀ ਆਬਜ਼ਰਵਰ, ਕੁਲ ਮਿਲਾ ਕੇ 98 ਵਿਸ਼ੇਸ਼ ਆਬਜ਼ਰਵਰ, ਸੀਨੀਅਰ ਅਧਿਕਾਰੀ ਬਾਹਰਲੇ ਰਾਜਾਂ ਤੋਂ ਤੈਨਾਤ ਕੀਤੇ ਜਾਣਗੇ। ਉਨ੍ਹਾਂ ਦਸਿਆ ਕਿ ਮਾਰਚ 16 ਤੋਂ ਐਲਾਨ ਕੀਤੀਆਂ ਚੋਣਾਂ 6 ਜੂਨ ਨੂੰ ਸਮਾਪਤ ਹੋਣਗੀਆਂ। ਜਿਨ੍ਹਾਂ 'ਤੇ 325 ਕਰੋੜ ਦਾ ਖ਼ਰਚ, ਕੇਵਲ ਪੰਜਾਬ ਲਈ ਹੋਵੇਗਾ। ਇਸ ਸਾਰੇ ਦੀ ਪੂਰਤੀ ਕੇਂਦਰ ਸਰਕਾਰ ਕਰੇਗੀ।

ਸਫ਼ਾ ਪੰਜ ਦੀਆਂ ਬਾਕੀਆਂ...

ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ ਚੋਣ ਪ੍ਰਚਾਰ ਅਮਨ ਅਮਾਨ ਨਾਲ ਹੋਇਆ ਖ਼ਤਮ

ਸਿੰਘ, ਫ਼ਰੀਦਕੋਟ ਹਲਕੇ ਤੋਂ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਖ਼ਾਲਸਾ ਅਤੇ ਬਠਿੰਡਾ ਤੋਂ ਅਕਾਲੀ ਦਲ ਅੰਮ੍ਰਿਤਸਰ ਵਲੋਂ ਲੱਖਾ ਸਿਧਾਣਾ ਨੂੰ ਵੀ ਚੰਗਾ ਹੁੰਗਾਰਾ ਮਿਲ ਰਿਹਾ ਹੈ। ਮੁੱਖ ਤੌਰ 'ਤੇ ਸੰਗਰੂਰ, ਲੁਧਿਆਣਾ, ਬਠਿੰਡਾ ਸੀਟਾਂ ਇਸ ਵੇਲੇ ਸੱਭ ਤੋਂ ਵੱਧ ਚਰਚਾ ਵਿਚ ਹਨ। ਇਨ੍ਹਾਂ ਸੀਟਾਂ 'ਤੇ ਜਿੱਤ ਮੁੱਖ ਮੰਤਰੀ ਭਗਵੰਤ ਮਾਨ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਰਾਜਾ ਵੜਿੰਗ ਲਈ ਵਕਾਰ ਦਾ ਸਵਾਲ ਬਣੀਆਂ ਹਨ। ਸੰਗਰੂਰ ਉਪ ਚੋਣ 'ਆਪ' ਹਾਰ ਗਈ ਹੈ ਜਿਥੇ ਮੁੜ ਜਿੱਤ ਦੀ ਚੁਨੌਤੀ ਹੈ, ਉਥੇ ਬਠਿੰਡਾ ਤੋਂ ਸੁਖਬੀਰ ਲਈ ਅਪਣੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਜਿਤਾਉਣਾ ਅਤੇ ਲੁਧਿਆਣਾ ਤੋਂ ਰਾਜਾ ਵੜਿੰਗ ਲਈ ਰਵਨੀਤ ਸਿੰਘ ਬਿੱਟੂ ਨੂੰ ਹਰਾਉਣਾ ਵੱਡੀ ਚੁਨੌਤੀ ਹੈ।

ਹਾਈ ਕੋਰਟ ਨੇ ਸੱਜਣ ਕੁਮਾਰ 'ਤੇ ਮੁੜ ਲਾ ਦਿਤੀ ਹੈ ਧਾਰਾ 302 ਤੇ 325

ਪੁਰੀ ਥਾਣੇ ਵਿਚ ਐਫ਼ ਆਈ ਆਰ ਨੰਬਰ 227/ 92 ਦਰਜ ਕੀਤੀ ਗਈ ਸੀ। ਐਲ ਜੀ ਦੇ ਦਖ਼ਲ ਪਿਛੋਂ ਐਸ ਆਈ ਟੀ ਨੇ ਹਾਈ ਕੋਰਟ ਵਿਚ ਸੱਜਣ ਕੁਮਾਰ ਵਿਰੁਧ ਅਪੀਲ ਦਾਖ਼ਲ ਕੀਤੀ ਸੀ। ਅੱਜ ਇਸ ਮਾਮਲੇ ਵਿਚ ਐਸ ਆਈ ਟੀ ਨੇ ਹਾਈਕੋਰਟ ਵਿਚ ਬਹਿਸ ਕੀਤੀ ਜਿਸ ਤੇ ਅਦਾਲਤ ਨੇ ਸੱਜਣ ਕੁਮਾਰ 'ਤੇ ਪਹਿਲਾਂ ਹੱਟਾਈਆਂ ਗਈਆਂ ਧਾਰਾਵਾਂ ਮੁੜ ਲਾ ਦਿਤੀਆਂ ਹਨ। ਦਿੱਲੀ ਕਮੇਟੀ ਪੀੜਤਾਂ ਨੂੰ ਨਿਆਂ ਦਿਵਾਉਣ ਤੇ ਦੋਸ਼ੀਆਂ ਨੂੰ ਸੀਖਾਂ ਪਿਛੇ ਭੇਜਣ ਲਈ ਦਿੜ੍ਹ ਹੈ।

ਗੁਰਜੀਤ ਸਿੰਘ ਔਜਲਾ ਦਾ ਸਫ਼ਲ ਰੋਡ ਸ਼ੋਅ, ਸਮਰਥਕਾਂ ਨੇ ਜਿੱਤ 'ਤੇ ਮੋਹਰ ਲਾਈ

ਰਹਿਣ ਦੀ ਹਿੰਮਤ ਅਤੇ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਵਪਾਰੀਆਂ ਨੂੰ ਮਿਲਦੇ ਰਹੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਹਾਲ ਗੇਟ ਤੋਂ ਸ਼ੁਰੂ ਹੋਇਆ ਰੋਡ ਸ਼ੋਅ ਭਰਾਵਾਂ ਦਾ ਢਾਬਾ ਵਿਖੇ ਸਮਾਪਤ ਹੋਇਆ ਜਿੱਥੇ ਗੁਰਜੀਤ ਸਿੰਘ ਔਜਲਾ ਨੇ ਦੁਕਾਨਦਾਰਾਂ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਜਲ੍ਹਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਪ੍ਰਣਾਮ ਕੀਤਾ ਅਤੇ ਉਨ੍ਹਾਂ ਦਾ ਆਸ਼ੀਰਵਾਦ ਲਿਆ। ਇਸ ਦੌਰਾਨ ਉਨ੍ਹਾਂ ਨਾਲ ਸੀਨੀਅਰ ਕਾਂਗਰਸੀ ਆਗੂ ਓ.ਪੀ.ਸੋਨੀ, ਸੁੱਖ ਔਜਲਾ, ਬਾਬਰ ਔਜਲਾ, ਡਾ: ਰਾਜਕੁਮਾਰ, ਇੰਦਰਬੀਰ ਸਿੰਘ ਬੁਲਾਰੀਆ, ਅਸ਼ਵਨੀ ਪੱਪੂ, ਸੁਨੀਲ ਦੱਤੀ, ਮਮਤਾ ਦੱਤਾ, ਦਿਨੇਸ਼ ਬੱਸੀ, ਵਿਕਾਸ ਸੋਨੀ, ਸੁਨੀਲ ਕੋਟੀ, ਸੰਜੀਵ ਅਰੋੜਾ ਆਦਿ ਹਾਜ਼ਰ ਸਨ।

ਕੇਜਰੀਵਾਲ ਤੇ ਭਗਵੰਤ ਮਾਨ ਨੇ ਸੰਗਰੂਰ 'ਚ ਮੀਤ ਹੇਅਰ ਦੇ ਹੱਕ 'ਚ ਕੀਤਾ ਰੋਡ ਸ਼ੋਅ

ਸੰਗਰੂਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੀਤ ਹੇਅਰ ਨੂੰ ਮੇਰੇ ਨਾਲੋਂ ਵੀ ਵੱਡੇ ਫ਼ਰਕ ਨਾਲ ਜਿਤਾ ਕੇ ਸੰਸਦ ਵਿਚ ਭੇਜਿਆ ਜਾਵੇ। ਉਨ੍ਹਾਂ ਕਿਹਾ, "ਮੀਤ ਹੇਅਰ ਜੇ ਮੇਰਾ ਰਿਕਾਰਡ ਸੁਧਾਰੇਗਾ ਤਾਂ ਮੈਨੂੰ ਸੱਭ ਤੋਂ ਵੱਧ ਖ਼ੁਸ਼ੀ ਹੋਵੇਗੀ ਤੇ ਇਸ ਵਾਰ ਲੀਡ ਢਾਈ ਲੱਖ ਤੋਂ ਵੱਧ ਹੋਣੀ ਚਾਹੀਦੀ ਹੈ।" ਮੀਤ ਹੇਅਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਪਿਛਲੇ ਢਾਈ ਮਹੀਨੇ ਦੌਰਾਨ ਅੱਤ ਦੀ ਗਰਮੀ ਦੇ ਬਾਵਜੂਦ ਸੰਗਰੂਰ ਹਲਕੇ ਦੇ ਸਾਰੇ ਵਿਧਾਨ ਸਭਾ ਹਲਕਿਆਂ, ਪਿੰਡਾਂ-ਸ਼ਹਿਰਾਂ ਵਲੋਂ ਮਿਲੇ ਪਿਆਰ ਦਾ ਉਹ ਸਦਾ ਰਿਣੀ ਰਹਿਣਗੇ। ਉਨ੍ਹਾਂ ਕਿਹਾ ਕਿ ਸੰਗਰੂਰ ਵਿਚ ਲੋਕਲ ਉਮੀਦਵਾਰ ਦਾ ਬਾਹਰੀ ਉਮੀਦਵਾਰਾਂ ਨਾਲ ਮੁਕਾਬਲਾ ਹੈ ਅਤੇ 1 ਜੂਨ ਤੋਂ ਬਾਅਦ ਬਾਹਰੀ ਉਮੀਦਵਾਰ ਅਪਣੀਆਂ ਛੁੱਟੀਆਂ ਕੱਟ ਕੇ ਵਾਪਸ ਪਰਤ ਜਾਣਗੇ। ਇਸ ਮੌਕੇ ਸੰਗਰੂਰ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੇ ਨੁਮਾਇੰਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ, ਵਿਧਾਇਕ ਨਰਿੰਦਰ ਕੌਰ ਭਰਾਜ, ਜਮੀਲ ਉਰ ਰਹਿਮਾਨ, ਕੁਲਵੰਤ ਸਿੰਘ ਪੰਡੋਰੀ, ਬਰਿੰਦਰ ਕੁਮਾਰ ਗੋਇਲ ਤੇ ਲਾਭ ਸਿੰਘ ਉੱਗੋਕੇ ਸਮੇਤ ਸਮੂਹ ਜ਼ਿਲ੍ਹਾ ਪ੍ਰਧਾਨ, ਬਲਾਕ ਪ੍ਰਧਾਨ, ਸਾਰੇ ਵਿੰਗਾਂ ਦੇ ਪ੍ਰਧਾਨ ਅਤੇ ਅਹੁਦੇਦਾਰ ਹਾਜ਼ਰ ਸਨ।

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ) [ਰੂਲ (8-1)]

ਸੁਦ